# ਪੰਜਾਬ ਵਿਧਾਨ ਸਭਾ

ਪੰਜਵਾਂ ਸਮਾਗਮ

ਜ਼ੁਬਾਨੀ ਉੱਤਰ ਲਈ ਪ੍ਰਸ਼ਨ

## ਮੰਗਲਵਾਰ 28 ਨਵੰਬਰ 2023

----

ਕੁੱਲ ਪ੍ਰਸ਼ਨ 20

----

### ਪੰਜਾਬ ਅਨੁਸੂਚਿਤ ਜਾਤੀਆਂ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਨੂੰ ਜਾਰੀ ਕੀਤੀ ਰਾਸ਼ੀ ਦੇ ਵੇਰਵੇ

***865 ਸ. ਸੁਖਵਿੰਦਰ ਸਿੰਘ ਕੋਟਲੀ ( ਆਦਮਪੁਰ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ**

ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :- ੳ) ਪੰਜਾਬ ਅਨੁਸੂਚਿਤ ਜਾਤੀਆਂ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਨੂੰ ਵੱਖ-ਵੱਖ ਸਕੀਮਾਂ ਅਧੀਨ ਕਰਜ਼ਾ ਦੇਣ ਲਈ ਵਿੱਤੀ ਸਾਲ 2023-24 ਦੌਰਾਨ ਕਿੰਨਾਂ ਬਜਟ ਉਪਬੰਧ ਕੀਤਾ ਗਿਆ ਹੈ; ਅ) ਕਾਰਪੋਰੇਸ਼ਨ ਨੂੰ ਕਰਜ਼ਾ ਦੇਣ ਲਈ ਉਕਤ ਫੰਡ ਵਿੱਚੋ ਕਿੰਨੀ ਰਕਮ ਕਰਜ਼ਾ ਦੇਣ ਲਈ ਜਾਰੀ ਕੀਤੀ ਗਈ, ਜੇਕਰ ਨਹੀਂ ਜਾਰੀ ਕੀਤੀ ਗਈ ਤਾਂ ਇਸ ਦੇ ਕੀ ਕਾਰਨ ਹਨ ਅਤੇ ਸਾਲ 2023-24 ਦੌਰਾਨ ਕਿੰਨੇ ਲੋਕਾਂ ਨੂੰ ਕਾਰਪੋਰੇਸ਼ਨ ਵੱਲੋਂ ਕਰਜਾ ਦਿੱਤਾ ਗਿਆ ਹੈ; ੲ) ਉਕਤ ਕਾਰਪੋਰੇਸ਼ਨ ਤੋਂ ਕਰਜ਼ਾ ਲੈਣ ਵਾਲਿਆਂ ਦੀ ਸਰਵਿਸ ਗਰੰਟੀ ਦੇਣ ਲਈ ਆਮ ਰਾਜ ਪ੍ਰਬੰਧ ਵਿਭਾਗ (ਪੰਜਾਬ ਸਿਵਲ ਸਕੱਤਰੇਤ ਪ੍ਰਸ਼ਾਸਨ) ਨੂੰ ਸਾਲ 2021 ਤੋਂ ਹੁਣ ਤੱਕ ਕਿੰਨੇ ਕਰਮਚਾਰੀ/ਅਧਿਕਾਰੀਆਂ ਵੱਲੋਂ ਅਪਲਾਈ ਕੀਤਾ ਗਿਆ, ਕਿੰਨੇ ਕਰਮਚਾਰੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਕਿੰਨੇ ਕਰਮਚਾਰੀਆਂ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ; ਵੇਰਵੇ ਸਹਿਤ ਦੱਸਿਆ ਜਾਵੇ?

----

### ਜ਼ੀਰਕਪੁਰ ਵਿਖੇ ਵੱਡਾ ਜਾਂ ਮਲਟੀ-ਸਪੈਸ਼ਲਿਟੀ ਹਸਪਤਾਲ ਬਣਾਉਣਾ

***866 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਜ਼ੀਰਕਪੁਰ ਸ਼ਹਿਰ ਦੀ ਅਬਾਦੀ ਮੁਤਾਬਿਕ ਸ਼ਹਿਰ ਅੰਦਰ ਕੋਈ ਵੀ ਵੱਡਾ ਹਸਪਤਾਲ ਨਾ ਹੋਣ ਕਾਰਨ ਸ਼ਹਿਰ ਨਿਵਾਸੀਆਂ ਨੂੰ ਸਿਹਤ ਸਹੂਲਤਾਂ ਸਬੰਧੀ ਆਉਂਦੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਜ਼ੀਰਕਪੁਰ ਵਿਖੇ ਵੱਡਾ ਜਾਂ ਮਲਟੀ-ਸਪੈਸ਼ਲਿਟੀ ਹਸਪਤਾਲ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਸਬੰਧੀ ਲੋੜੀਂਦੀ ਕਾਰਵਾਈ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ;

ਅ) ਕੀ ਸਰਕਾਰ ਇਸ ਮੰਤਵ ਲਈ ਆਉਂਦੇ ਵਿੱਤੀ ਸਾਲ ਦੇ ਬਜਟ ਵਿੱਚ ਲੋੜੀਂਦੇ ਬਜਟ ਦਾ ਉਪਬੰਧ ਕਰੇਗੀ; ਜੇਕਰ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਦੇ ਵਿਸਥਾਰ ਸਹਿਤ ਵੇਰਵੇ ਦਿੱਤੇ ਜਾਣ?

----

## ਹੜਾਂ ਦੌਰਾਨ ਹੋਏ ਫਸਲਾਂ ਅਤੇ ਘਰੇਲੂ ਸਮਾਨ ਦੇ ਨੁਕਸਾਨ ਦਾ ਮੁਆਵਜ਼ਾ ਦੇਣਾ

***867 ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- **ੳ**) ਹਾਲ ਹੀ ਵਿੱਚ ਹੜ੍ਹਾਂ ਦੌਰਾਨ ਜਿਨ੍ਹਾਂ ਦੀਆਂ ਫਸਲਾਂ ਅਤੇ ਘਰੇਲੂ ਸਾਮਾਨ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਕਿਸਾਨਾਂ ਦੇ ਨੁਕਸਾਨ ਦਾ ਅਨੁਮਾਨ ਲਗਾਉਣ ਅਤੇ ਮੁਆਵਜ਼ੇ ਦੀ ਅਦਾਇਗੀ ਲਈ ਕੀ ਮਾਪਦੰਡ ਅਪਣਾਏ ਗਏ ਹਨ; **ਅ**) ਕੀ 5 ਏਕੜ ਜਾਂ ਇਸ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਨੂੰ ਉਕਤ ਮੁਆਵਜ਼ੇ ਵਿਚ ਸ਼ਾਮਲ ਕੀਤਾ ਗਿਆ ਹੈ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਨ ਹਨ; **ੲ**) ਕੀ ਬਿਆਸ ਦਰਿਆ ਤੇ ਸਤਲੁਜ ਦਰਿਆ ਦੇ ਕੰਢੇ ਸਰਕਾਰੀ ਜ਼ਮੀਨ ਤੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਭਾਵੇਂ ਇਹ ਰਾਜ ਦੀ ਹੋਵੇ ਜਾਂ ਕੇਂਦਰ ਦੀ ਹੋਵੇ ਨੂੰ ਵੀ ਉਕਤ ਮੁਆਵਜ਼ਾ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

----

## ਜੰਗਲਾਤ ਵਿਭਾਗ ਵਿੱਚ ਸੇਵਾ ਨਿਭਾ ਰਹੇ ਨੌਜਵਾਨਾਂ ਨੂੰ ਰੈਗੂਲਰ ਕਰਨਾ

***868 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ**

ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜੰਗਲਾਤ ਵਿਭਾਗ ਵਿੱਚ ਸੂਬੇ ਦੇ ਨੌਜਵਾਨ 25-30 ਸਾਲਾਂ ਤੋਂ ਸੇਵਾ ਨਿਭਾ ਰਹੇਂ ਹਨ, ਜਿਨ੍ਹਾਂ ਨੂੰ ਹੁਣ ਤੱਕ ਰੈਗੂਲਰ ਨਹੀਂ ਕੀਤਾ ਗਿਆ;

ਅ) ਕੀ ਇਹ ਵੀ ਠੀਕ ਹੈ ਕਿ ਜੰਗਲਾਤ ਵਿਭਾਗ ਵਿੱਚ ਕੰਮ ਕਰ ਰਹੇ ਨੌਜਵਾਨਾਂ ਨੂੰ ਪੱਕਾ ਕਰਨ ਲਈ ਪੜ੍ਹੇ ਲਿਖੇ ਹੋਣ ਦੀ ਸ਼ਰਤ ਰੱਖੀ ਗਈ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸ਼ਰਤ ਨਾਲ 25-30 ਸਾਲਾਂ ਤੋਂ ਘੱਟ ਪੜ੍ਹੇ ਲਿਖੇ ਨੌਜਵਾਨ ਰੈਗੂਲਰ ਹੋਣ ਤੋਂ ਰਹਿ ਜਾਣਗੇ;

ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਸਰਕਾਰ ਉਕਤ ਨੌਜਵਾਨਾਂ ਦੇ ਭਵਿੱਖ ਅਤੇ ਉਹਨਾਂ ਦੁਆਰਾ ਨਿਭਾਈ ਗਈ 25-30 ਸਾਲ ਦੀ ਸੇਵਾ ਨੂੰ ਵੇਖਦੇ ਹੋਏ ਉਹਨਾਂ ਨੂੰ ਵੀ ਬਿਨਾਂ ਕਿਸੇ ਸ਼ਰਤ ਤੋਂ ਰੈਗੂਲਰ ਕਰਨ ਦੀ ਕੋਈ ਤਜਵੀਜ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਕਦੋਂ ਤੱਕ ?

----

## ਪੰਜਾਬ ਦੇ ਮੁੱਖ ਸ਼ਹਿਰਾਂ ਵਿੱਚ ਚੱਲ ਰਹੀਆਂ ਅਧਿਕਾਰਿਤ/ਅਣਅਧਿਕਾਰਤ ਕੈਬਾਂ/ਟੈਕਸੀਆਂ ਸਬੰਧੀ।

***869 ਸ. ਕੁਲਵੰਤ ਸਿੰਘ (ਐਸ.ਏ.ਐਸ. ਨਗਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ** ਕੀ ਮਾਨਯੋਗ ਟਰਾਂਸਪੋਰਟ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ..... ੳ) ਪੰਜਾਬ ਦੇ ਮੁੱਖ ਸ਼ਹਿਰਾਂ ਖ਼ਾਸ ਕਰਕੇ, ਐਸ.ਏ.ਐਸ. ਨਗਰ ਜਿਲ੍ਹੇ ਦੇ ਸ਼ਹਿਰਾਂ ਅੰਦਰਕਿੰਨੀਆਂ ਕੈਬਾਂ/ ਟੈਕਸੀਆਂ (ਜਿਵੇਂ ਕਿ ਉਬਰ, ਓਲਾ, ਬਲਾਬਲਾ, ਇਨਡਰਾਈਵ, ਰੈਪਿਡੋ ਆਦਿ) ਚੱਲ ਰਹੀਆਂ ਹਨ ਅਤੇ ਚਲ ਰਹੀਆਂ ਕੈਬਾਂ ਵਿੱਚੋਂ ਕਿੰਨੀਆਂ ਕੈਬਾਂ ਸਰਕਾਰ ਵੱਲੋਂ ਪ੍ਰਵਾਨਤ ਹਨ ਅਤੇ ਕਿੰਨੀਆਂ ਗ਼ੈਰ ਕਾਨੂੰਨੀ ਤੌਰ ਤੇ ਚਲ ਰਹੀਆਂ ਹਨ। ਅ) ਕੀ ਸਰਕਾਰ ਵੱਲੋਂ ਭਾਗ ੳ ਵਿੱਚ ਦਰਸਾਈਆਂ ਕੈਬਾਂ ਤੋਂ ਕਿਸੇ ਪ੍ਰਕਾਰ ਦੀ ਫ਼ੀਸ ਵਸੂਲ ਕੀਤੀ ਜਾਂਦੀ ਹੈ, ਜੇਕਰ ਹਾਂ ਤਾਂ ਇਸ ਸਮੇਂ ਕਿੰਨੀਆਂ ਕੈਬਾਂ ਤੋਂ ਫ਼ੀਸ ਵਸੂਲ ਕੀਤੀ ਜਾ ਰਹੀ ਹੈ, ਪ੍ਰਤੀ ਕੈਬ ਫ਼ੀਸ ਕਿੰਨੀ ਹੈ ਅਤੇ ਪਿਛਲੇ 5 ਸਾਲਾਂ ਦੌਰਾਨ ਇਸ ਤਰ੍ਹਾਂ ਕਿੰਨੀ ਫ਼ੀਸ ਸਰਕਾਰ ਨੂੰ ਪ੍ਰਾਪਤ ਹੋਈ। ੲ) ਕੀ ਅਣ-ਅਧਿਕਾਰਤ ਚੱਲ ਰਹੀਆਂ ਕੈਬਾਂ ਦੇ ਵਿਰੁੱਧ ਸਰਕਾਰ ਵੱਲੋਂ ਹੁਣ ਤੱਕ ਕਿਹੜੀ ਕਾਰਵਾਈ ਕੀਤੀ ਗਈ ਹੈ?

----

## ਨੈਸਨਲ ਹਾਈਵੇ 254 ਰਾਮਪੁਰਾ ਤੋਂ ਫੂਲ ਰੋਡ ਦੀ ਰਿਪੇਅਰ ਕਰਨਾ

***870 ਸ਼੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ):**

**ਲੋਕ ਨਿਰਮਾਣ, ਬਿਜਲੀ** ਕੀ ਲੋਕ ਨਿਰਮਾਣ (ਭ ਤੇ ਮ ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨੈਸ਼ਨਲ ਹਾਈਵੇ 254 ਰਾਮਪੁਰਾ ਤੋਂ ਫੂਲ ਤੱਕ ਥਾਂ-ਥਾਂ ਤੋਂ ਟੁੱਟਿਆ ਹੋਇਆ ਹੈ, ਜਿਸ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ ਅਤੇ ਇਹ ਰੋਜ਼ਾਨਾ ਹੀ ਦੁਰਘਟਨਾਵਾਂ ਦਾ ਕਾਰਨ ਬਣ ਰਹੀ ਹੈ ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਦੀ ਰਿਪੇਅਰ ਕਰਨ ਦੀ ਕੋਈ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ?

----

## ਨਕੋਦਰ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇਣਾ

***871 ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ ):**

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ**

ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਕੋਦਰ ਇੱਕ ਇਤਿਹਾਸਿਕ ਅਤੇ ਧਾਰਮਿਕ ਸਥਾਨਾਂ ਦਾ ਕੇਂਦਰ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਨਕੋਦਰ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸਦੇ ਵੇਰਵੇ ਕੀ ਹਨ?

----

## ਜੈਤੋਂ ਨਗਰ ਕੌਂਸਲ ਅਧੀਨ ਆਉਂਦੋ ਸੀਵਰੇਜ ਸਿਸਟਮ ਜੋ ਕਿ ਸੀਵਰੇਜ ਬੋਰਡ ਅਧੀਨ ਆਉਂਦੇ ਹਨ ਦੇ ਮੈਨਟੇਨਸ ਫੰਡਾਂ ਦੇ ਵੇਰਵੇ

***872 ਸ. ਅਮੋਲਕ ਸਿੰਘ (ਜੈਤੋ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਇਹ ਠੀਕ ਹੈ ਕਿ ਹਲਕਾ ਜੈਤੋਂ ਦੇ ਨਗਰ ਕੌਂਸਲ ਅਧੀਨ ਆਉਂਦੇ ਸੀਵਰੇਜ ਸਿਸਟਮ ਜੋ ਕਿ ਸੀਵਰੇਜ ਬੋਰਡ ਅਧੀਨ ਆਉਂਦੇ ਹਨ ਲਈ ਹਰ ਮਹੀਨੇ ਮੈਨਟੇਨਸ ਲਈ ਕੋਈ ਫੰਡ ਜਾਰੀ ਕੀਤੇ ਜਾਂਦੇ ਹਨ;

**ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਕਿੰਨੀ ਰਕਮ ਦਿੱਤੀ ਜਾਂਦੀ ਹੈ, ਕੀ ਇਹ ਰਕਮ ਕਿਸੇ ਪ੍ਰਾਈਵੇਟ ਠੇਕੇਦਾਰ ਕੋਲ ਹੈ; ਜੇਕਰ ਅਜਿਹਾ ਹੈ ਤਾਂ ਉਸ ਕੋਲ ਕਿੰਨੇ ਪੈਸੇ ਹਰ ਮਹੀਨੇ ਜਾਂਦੇ ਹਨ ਜਦਕਿ ਉੱਥੇ ਕਦੇ ਵੀ ਸਫਾਈ ਜਾਂ ਮੈਨਟੇਨਸ ਨਹੀਂ ਹੋਈ?

----

## ਡੇਰਾਬੱਸੀ ਤੋਂ ਈਸਾਪੁਰ ਵਾਇਆ ਸਤਾਬਗੜ੍ਹ ਕਾਜ਼-ਵੇਅ ਬਣਾਉਣਾ

***873 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਡੇਰਾਬੱਸੀ ਵਿੱਚ ਡੇਰਾਬੱਸੀ ਤੋਂ ਈਸਾਪੁਰ ਵਾਇਆ ਸਤਾਬਗੜ੍ਹ ਕਾਜ਼-ਵੇਅ ਬਣਾਉਣ ਦੀ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਦੀ ਤਾਜ਼ਾ ਸਥਿੱਤੀ ਕੀ ਹੈ; ਇਸ ਬਾਰੇ ਵਿਸਥਾਰ ਸਹਿਤ ਵੇਰਵੇ ਦਿੱਤੇ ਜਾਣ?

----

## ਸਾਲ 2022-23 ਅਤੇ 2023-24 ਦੌਰਾਨ ਰਾਜ ਪੈਨਸ਼ਨਰਾਂ ਦੀ ਗਿਣਤੀ

***874 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ**
ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2022-23 ਅਤੇ ਸਾਲ 2023-24 ਦੌਰਾਨ ਰਾਜ ਵਿਚ ਪੈਨਸ਼ਨਰਾਂ ਦੀ ਕੁੱਲ ਗਿਣਤੀ ਕਿੰਨੀ ਹੈ;

ਅ) ਸਾਲ 2022-23 ਅਤੇ 2023-24 ਵਿਚ ਕਿੰਨੇ ਵਿਅਕਤੀਆਂ ਦੀ ਪੈਨਸ਼ਨ ਕਿਸ ਮਾਪਦੰਡ ਅਧੀਨ ਰੋਕੀ ਗਈ/

ਰੱਦ ਕੀਤੀ ਗਈ?

----

## ਪੰਜਾਬ ਵਿੱਚ ਖੋਲ੍ਹੇ ਗਏ ਆਮ ਆਦਮੀ ਕਲੀਨਿਕਾਂ ਦੇ ਵੇਰਵੇ

***875 ਸ. ਪ੍ਰਤਾਪ ਸਿੰਘ ਬਾਜਵਾ(ਕਾਦੀਆਂ) :**
**ਸ਼੍ਰੀ. ਅਮਰਿੰਦਰ ਸਿੰਘ ਰਾਜਾ ਵੜਿੰਗ(ਗਿੱਦੜਬਾਹਾ) :**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਪੰਜਾਬ ਵਿੱਚ ਇਸ ਵਕਤ ਕੁੱਲ ਕਿੰਨੇ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਇਨ੍ਹਾਂ ਤੇ ਕੁੱਲ ਕਿੰਨਾ ਖਰਚਾ ਆਇਆ; ਅ) ਉਪਰੋਕਤ ਮੁਹੱਲਾ ਕਲੀਨਿਕਾਂ ਵਿੱਚ ਹੁਣ ਤੱਕ ਕਿੰਨੇ ਨਵੇਂ ਡਾਕਟਰ ਇਨ੍ਹਾਂ ਕਲੀਨਿਕਾਂ ਦਾ ਪ੍ਰਬੰਧਨ ਚਲਾਉਣ ਲਈ ਭਰਤੀ ਕੀਤੇ ਗਏ; ੲ) ਅਜਿਹੇ ਕਲੀਨਿਕ ਖੋਲ੍ਹੇ ਜਾਣ ਤੇ ਕਿੰਨੇ ਸਿਹਤ ਕੇਂਦਰ ਪ੍ਰਭਾਵਿਤ ਹੋਏ, ਵੇਰਵੇ ਸਹਿਤ ਦੱਸਿਆ ਜਾਵੇ; ਸ) ਇਨ੍ਹਾਂ ਕਲੀਨਿਕਾਂ ਵਿੱਚ ਆਮ ਆਦਮੀ ਪਾਰਟੀ ਦੇ ਕਿੰਨੇ ਮੰਤਰੀਆਂ, ਵਿਧਾਇਕਾਂ ਅਤੇ ਹੋਰਨਾਂ ਆਹੁੱਦੇਦਾਰਾਂ ਨੇ ਇਲਾਜ ਪ੍ਰਾਪਤ ਕੀਤਾ, ਬਾਰੇ ਵੀ ਸਪੱਸ਼ਟ ਕੀਤਾ ਜਾਵੇ?

----

## ਹਲਕਾ ਜਗਰਾਉਂ ਨੂੰ ਜਿਲ੍ਹਾ ਬਣਾਉਣਾ

***876 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਗਰਾਉਂ ਨੂੰ ਜਿਲ੍ਹਾ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ?

----

## ਪਿੰਡਾਂ ਦੀ ਪੰਚਾਇਤੀ ਜ਼ਮੀਨ ਅਕੁਆਇਰ ਹੋਣ ਤੇ ਪੰਚਾਇਤ ਨੂੰ ਪ੍ਰਾਪਤ ਹੋਈ ਰਾਸ਼ੀ ਦੀ ਵਰਤੋਂ ਦੀ ਪ੍ਰਵਾਨਗੀ ਦੇਣ ਸਬੰਧੀ।

***877 ਸ. ਕੁਲਵੰਤ ਸਿੰਘ (ਐਸ.ਏ.ਐਸ. ਨਗਰ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ** ਕੀ ਮਾਨਯੋਗ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡਾਂ ਦੀਆਂ ਪੰਚਾਇਤਾਂ ਦੀ ਜ਼ਮੀਨ ਵੱਖ ਵੱਖ ਰਿਹਾਇਸ਼ੀ/ਕਮਰਸ਼ੀਅਲ ਉਦਯੋਗਿਕ/ਹਾਈਵੇਜ਼ ਆਦਿ ਪ੍ਰੋਜੈਕਟਾਂ ਲਈ ਅਕੁਆਇਰ ਹੋਣ ਤੇ ਸਬੰਧਤ ਪਿੰਡਾਂ ਦੀ ਪੰਚਾਇਤ ਨੂੰ ਪ੍ਰਾਪਤ ਹੁੰਦੀ ਰਾਸ਼ੀ ਦੀ ਵਰਤੋਂ ਪਿੰਡ ਵਿੱਚ ਵਿਕਾਸ ਦੇ ਕੰਮਾਂ ਲਈ ਵਰਤੇ ਜਾਣ ਦੀ ਆਗਿਆ ਦੇਣ ਲਈ ਮੌਜੂਦਾ ਪਾਲਸੀ/ਹਦਾਇਤਾਂ ਵਿੱਚ ਕੋਈ ਢਿੱਲ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਕਿਉਂਕਿ ਮੌਜੂਦਾ ਪਾਲਸੀ ਅਨੁਸਾਰ ਉਕਤ ਦਰਸਾਏ ਅਨੁਸਾਰ ਪ੍ਰਾਪਤ ਰਾਸ਼ੀ ਨੂੰ ਸਬੰਧਤ ਪੰਚਾਇਤ ਵੱਲੋਂ ਬੈਂਕਾਂ ਵਿੱਚ ਫਿਕਸਡ ਡਿਪਾਜ਼ਿਟ ਦੇ ਤੌਰ ਤੇ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ ਅਤੇ ਇਸ ਦੀ ਵਰਤੋਂ ਸਰਕਾਰ ਤੋਂ ਸ਼ਪੈਸ਼ਲ ਪ੍ਰਵਾਨਗੀ ਲੈਣ ਉਪਰੰਤ ਹੀ ਕੀਤੀ ਜਾ ਸਕਦੀ ਹੈ ਜੋ ਕਿ ਆਮ ਤੌਰ ਤੇ ਨਹੀਂ ਮਿਲਦੀ, ਜਿਸ ਕਾਰਨ ਸਬੰਧਤ ਪਿੰਡਾਂ ਖ਼ਾਸ ਕਰਕੇ ਜਿਲ੍ਹਾ ਐਸ.ਏ.ਐਸ. ਨਗਰ ਦੇ ਅਧੀਨ ਆਉਂਦੇ ਪਿੰਡਾਂ ਵਿੱਚ ਅਤੀ ਜ਼ਰੂਰੀ ਵਿਕਾਸ ਦੇ ਕੰਮ ਅਧੂਰੇ ਪਏ ਹਨ?

----

**ਹਲਕਾ ਭੁਚੋ ਮੰਡੀ ਦੇ ਸ਼੍ਰੀ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਨੂੰ ਨਵਾਂ ਬਣਾ ਕੇ ਸ਼ੁਰੂ ਕਰਨਾ**

***878 ਸ. ਜਗਸੀਰ ਸਿੰਘ (ਭੁਚੋ ਮੰਡੀ):**

**ਲੋਕ ਨਿਰਮਾਣ, ਬਿਜਲੀ** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭੁੱਚੋ ਮੰਡੀ ਦੇ ਸ਼੍ਰੀ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਵਿਖੇ 13 ਮਈ 2021 ਨੂੰ ਈ.ਐਸ.ਪੀ. ਡਿੱਗ ਗਿਆ ਸੀ ਜੋ ਕਿ ਰੋਜਾਨਾ ਲਗਭਗ 45 ਲੱਖ ਯੂਨਿਟ ਪੈਦਾ ਕਰਦਾ ਸੀ, ਜਿਸਦੀ ਕੀਮਤ ਲਗਭਗ 2 ਕਰੋੜ ਰੁਪਏ ਤੋਂ ਉੱਤੇ ਦੀ ਬਣਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਪਲਾਂਟ ਨੂੰ ਨਵਾਂ ਬਣਾ ਕੇ ਚਲਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਮਜ਼ਦੂਰਾਂ ਦੀਆਂ ਮੌਜੂਦਾ ਉਜਰਤਾਂ ਵਿੱਚ ਵਾਧਾ ਕਰਨ ਸਬੰਧੀ।**

***879 ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ, ਪ੍ਰਾਹੁਣਚਾਰੀ**

ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਮੌਜੂਦਾ ਘੱਟੋ-ਘੱਟ ਉਜਰਤਾਂ, ਜੋ ਮਜਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਹਰ ਤਰ੍ਹਾਂ ਦੀਆਂ ਜਰੂਰਤਾਂ ਜਿਵੇਂ ਕਿ ਸਹੀ ਪੋਸ਼ਣ, ਕੱਪੜੇ, ਬਾਲਣ, ਸਿੱਖਿਆ ਤੇ ਸਿਹਤ ਸੰਭਾਲ, ਬੁਢਾਪਾ ਸਮੇਂ ਹੋਣ ਵਾਲੇ ਖ਼ਰਚਿਆਂ ਦੇ ਨਾਲ-ਨਾਲ ਵਿਆਹ ਤੇ ਤਿਉਹਾਰਾਂ ਦੇ ਸਮਾਜਿਕ ਖ਼ਰਚਿਆਂ ਨੂੰ ਪੂਰਾ ਕਰਨ ਤੋਂ ਬਹੁਤ ਜ਼ਿਆਦਾ ਘੱਟ ਹਨ ਤੇ ਮੁੜ ਨਜਰਸਾਨੀ ਕਰਕੇ ਅਤੇ ਮੌਜੂਦਾ ਮਹਿੰਗਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਉਜਰਤਾਂ ਵਿੱਚ ਵਾਜਿਬ ਵਾਧਾ ਕਰਨ ਦੀ ਕਿਸੇ ਤਜ਼ਵੀਜ ਤੇ ਵਿਚਾਰ ਕਰ ਰਹੀ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ

ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

----

## ਬਾਗਾਂ ਵਿਚੋਂ ਨਰਮਾ ਅਤੇ ਕਿੰਨੂ ਚੁੱਕਣ ਵਾਲੇ ਮਜਦੂਰਾਂ ਦੀ ਸ਼ਨਾਖਤ ਕਰਨਾ

***883** **ਸ਼੍ਰੀ ਸੰਦੀਪ ਜਾਖੜ (ਅਬੋਹਰ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵੱਲੋਂ ਨਰਮਾਂ ਅਤੇ ਕਿੰਨੂ (ਬਾਗਾਂ ਵਿੱਚੋਂ) ਚੁੱਗਣ ਵਾਲੇ ਮਜਦੂਰਾਂ ਦੀ ਸ਼ਨਾਖਤ ਕਰਨ ਲਈ ਕੋਈ ਵਿਧੀ ਅਪਣਾਈ ਜਾਂਦੀ ਹੈ ਅਤੇ ਫਸਲ ਦੇ ਨੁਕਸਾਨ ਹੋ ਜਾਣ ਦੀ ਸਥਿਤੀ ਵਿੱਚ ਉਨ੍ਹਾਂ ਨੂੰ ਮੁਆਵਜਾ ਦੇਣ ਦੀ ਸਰਕਾਰ ਦੀ ਕੀ ਯੋਜਨਾ ਹੈ?

----

## ਆਵਾਰਾ ਪਸ਼ੂਆਂ ਦੀ ਸਮੱਸਿਆ ਦਾ ਹੱਲ ਕਢੱਣਾ

***881** **ਡਾ. ਰਾਜ ਕੁਮਾਰ (ਚੱਬੇਵਾਲ):**

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਨਜਿੱਠਣ ਲਈ ਹੁਣ ਤੱਕ ਕੀ ਉਪਾਅ ਕੀਤੇ ਗਏ ਹਨ ?

----

## ਤਲਵੰਡੀ-ਫਰੀਦਕੋਟ -ਕੋਟਕਪੂਰਾ ਰੋਡ ਨੂੰ ਚਾਰ- ਮਾਰਗੀ ਅਤੇ ਚੌੜਾ ਕਰਨਾ

***882** **ਸ. ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):**

**ਲੋਕ ਨਿਰਮਾਣ, ਬਿਜਲੀ**

ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਦੱਸਣਗੇ ਕਿ ਕੀ ਇਹ ਠੀਕ ਹੈ ਕਿ:-

ੳ) ਫਰੀਦਕੋਟ ਦੇ ਬਾਹਰ-ਬਾਹਰ ਤਲੰਵਡੀ-ਫਰੀਦਕੋਟ-ਕੋਟਕਪੂਰਾ ਨੂੰ ਮਿਲਾਉਂਦਾ ਹੈ (ਐਨ.ਐਚ.-54) ,ਟਹਿਣਾ ਤੋਂ ਫਰੀਦਕੋਟ ਨਹਿਰਾਂ ਤੱਕ ਤਲਵੰਡੀ ਪਾਸੇ ਦੀ ਸੜਕ ਦੀ ਚੌੜਾਈ 23 ਫੁੱਟ ਹੈ ਅਤੇ ਫਰੀਦਕੋਟ ਬੀੜ ਚਹਿਲ ਦੀ ਚੌੜਾਈ 18 ਫੁੱਟ ਹੈ;

ਅ) ਇਹ ਸ਼ਹਿਰ ਦੇ ਤਲਵੰਡੀ ਵਾਲੇ/ਕੋਟਕਪੂਰਾ ਵਾਲੇ ਪਾਸੇ ਤੋਂ ਮੇਨ Entry/Exit Point ਬਣਦਾ ਹੈ ਅਤੇ ਸੜਕ ਦੇ ਇਸ ਹਿੱਸੇ ਨੂੰ ਜਿਲ੍ਹਾ ਨਗਰ ਯੋਜਨਾਕਾਰ ਵੱਲੋਂ ਵੀ ਟਾਊਨ ਪਲੈਨਿੰਗ ਦੇ ਨਕਸ਼ੇ ਵਿੱਚ 4-LANE ਤਜਵੀਜ਼ ਕੀਤਾ

ਗਿਆ ਹੈ; ਅਤੇ ਮੇਨ Entry/Exit Point ਹੋਣ ਕਰਕੇ ਫਰੀਦਕੋਟ ਸ਼ਹਿਰ ਅੰਦਰ ਆਉਣ ਵਾਲੇ ਅਤੇ ਬਾਹਰ ਜਾਣ ਵਾਲੇ ਲੋਕਾਂ ਵੱਲੋਂ ਇਸ ਦੀ ਵਰਤੋਂ ਕੀਤੀ ਜਾਂਦੀ ਹੈ;

ੲ) ਕੀ ਇਹ ਵੀ ਠੀਕ ਹੇ ਕਿ ਇਹ ਦੋਨੋਂ ਸੜਕਾਂ ਘੱਟ ਚੌੜੀਆਂ ਹੋਣ ਕਰਕੇ Proper Connectivity ਨਹੀਂ ਬਣਦੀ ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਸੜਕਾਂ ਨੂੰ ਚਾਰ-ਮਾਰਗੀ ਅਤੇ ਚੌੜਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

----

**ਲੁਧਿਆਣਾ ਦੱਖਣੀ ਆਉਂਦੀਆਂ ਅਣ-ਅਧਿਕਾਰਿਤ ਕਲੋਨੀਆਂ ਨੂੰ ਅਧਿਕਾਰਿਤ ਕਰਨਾ_**

***880 ਸ਼੍ਰੀਮਤੀ ਰਾਜਿੰਦਰ ਪਾਲ ਕੌਰ (ਲੁਧਿਆਣਾ ਦੱਖਣੀ):**

**ਸਥਾਨਕ ਸਰਕਾਰਾਂ, ਸੰਸਦੀ ਮਾਮਲੇ**

ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਲੁਧਿਆਣਾ ਦੱਖਣੀ ਦੇ ਅਧੀਨ ਆਉਂਦੀਆਂ 39 ਅਣ-ਅਧਿਕਾਰਿਤ ਕਲੋਨੀਆਂ ਨੂੰ ਅਧਿਕਾਰਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਹਿਮਾਚਲ ਬਾਰਡਰ ਤੋਂ ਮਾਜਰੀ ਘਾੜ-ਪੁਰਖਾਲੀ-ਹਰੀਪੁਰ-ਸਿਸਵਾਂ ਚੌਕ ਸੜਕ ਦਾ ਸਟੇਟਸ**

***884 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):**

**ਲੋਕ ਨਿਰਮਾਣ, ਬਿਜਲੀ** ਕੀ ਲੋਕ ਨਿਰਮਾਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰੋਪੜ ਜਿਲ੍ਹੇ ਦੇ ਘਾੜ ਇਲਾਕੇ ਨੂੰ ਹਿਮਾਚਲ ਪ੍ਰਦੇਸ਼ ਨਾਲ਼ ਜੋੜਨ ਵਾਲੀ ਹਿਮਾਚਲ ਬਾਰਡਰ ਤੋਂ ਮਾਜਰੀ ਘਾੜ-ਪੁਰਖਾਲੀ-ਹਰੀਪੁਰ-ਸਿਸਵਾਂ ਚੌਕ ਸੜਕ ਦੀ ਪ੍ਰਪੋਜ਼ਲ ਦਾ ਕੀ ਸਟੇਟਸ ਹੈ; ਇਸ ਸਬੰਧੀ ਲਾਗਤ ਅਤੇ ਬਜਟ ਦੇ ਵੇਰਵੇ ਕੀ ਹਨ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**

**26 ਨਵੰਬਰ 2023.** **ਸਕੱਤਰ**